9-6-96

# ਕਲਾ ਦੇ ਝਰੋਖੇ ਤੋਂ

## ਗੁਰਸ਼ਰਨ ਸਿੰਘ

**ਆਲੋਚਨਾ ਸਾਹਿਤ ਵਿਚ ਇਕ ਨਿੱਗਰ ਵਾਧਾ: 'ਪਾਸ਼ ਕਾਵਿ ਅਧਿਐਨ':** ਇਸ ਕਾਵਿ-ਅਧਿਐਨ ਨੂੰ ਡਾ. ਮਨਿੰਦਰ ਸਿੰਘ ਕਾਂਗ ਨੇ ਸੰਪਾਦਤ ਕੀਤਾ ਹੈ। ਇਸ ਵਿਚ ਪਾਸ਼ ਦੀ ਕਵਿਤਾ ਬਾਰੇ 11 ਵਿਦਵਾਨਾਂ ਦੇ ਲੇਖ ਸ਼ਾਮਲ ਹਨ। ਪਾਸ਼ ਦੇ ਸ਼ਹੀਦ ਹੋਣ ਤੋਂ ਪਹਿਲਾਂ ਵੀ ਤੇ ਬਾਅਦ ਵਿਚ ਵੀ ਪਾਸ਼ ਕਵਿਤਾ ਨੇ ਪਾਠਕਾਂ ਅਤੇ ਸਮੀਖਿਅਕਾਂ ਦਾ ਧਿਆਨ ਆਪਣੇ ਵੱਲ ਖਿੱਚੀ ਰੱਖਿਆ ਹੈ। ਸੰਪਾਦਕ ਦਾ ਦਾ ਦਾਅਵਾ ਹੈ ਤੇ ਇਹ ਦਾਅਵਾ ਠੀਕ ਵੀ ਹੈ ਕਿ ਇਸ ਕਿਤਾਬ ਵਿਚ ਸ਼ਾਮਲ ਲੇਖਾਂ ਵਿਚ ਕਿਤੇ ਵੀ ਸਲਾਹੁਤਾ ਦੀ ਚਾਸ਼ਨੀ ਨਹੀਂ ਤੇ ਨਾ ਹੀ ਸ਼ਰਧਾਂਜਲੀ ਨੁਮਾ ਜਰਜਰੀ ਸਮੀਖਿਆ ਹੈ, ਸਗੋਂ ਕਵੀ ਪਾਸ਼ ਦਾ ਬਤੌਰ ਕਵੀ, ਨਿੱਠ ਕੇ ਕੀਤਾ ਗਿਆ ਗਹਿਣ ਅਧਿਐਨ ਹੈ।

ਸਭ ਤੋਂ ਪਹਿਲਾਂ ਲੇਖ ਉਪਿੰਦਰ ਸਿੰਘ ਜੌਹਲ ਦਾ ਹੈ ਜਿਸ ਨੇ ਕਾਮਰੇਡ ਨਾਲ ਗੱਲਬਾਤ ਕਵਿਤਾ ਦੇ ਸੰਦਰਭ ਵਿਚ ਪਾਸ਼ ਦੀ ਕਾਵਿ-ਭਾਸ਼ਾ ਦੀ ਗੱਲ ਤੋਰੀ ਹੈ। ਇਸ ਕਾਵਿ ਭਾਸ਼ਾ ਦੀ ਗੱਲ ਕਰਦਾ ਉਹ ਪਾਸ਼ ਦਾ ਬਤੌਰ ਕਵੀ ਭਾਸ਼ਾਈ ਰਜਿਸਟਰ ਲਭਣ ਦਾ ਯਤਨ ਕਰਦਾ ਹੈ, ਜਿਸ ਨਾਲ ਉਹ ਉਤਪਾਦਤ ਅਰਥਾਂ ਤਕ ਅਪੜ ਸਕੇ। ਇਹ ਲੇਖ ਪਾਸ਼ ਦੀ ਕਵਿਤਾ ਦਾ ਇਕ ਨਵੇਂ ਹੀ ਕੋਣ ਤੋਂ ਅਧਿਐਨ ਹੈ।

ਦੂਸਰਾ ਲੇਖ ਹਿੰਦੀ ਦੇ ਵਿਦਵਾਨ ਡਾ. ਹਰਮਿੰਦਰ ਸਿੰਘ ਬੇਦੀ ਦਾ ਹੈ। ਇਸ ਲੇਖ ਰਾਹੀਂ ਉਨ੍ਹਾਂ ਹਿੰਦੀ ਦੇ ਵਿਦਰੋਹੀ ਕਵੀ ਧੂਮਿਲ ਦੀ ਕਾਵਿਕਤਾ ਨੂੰ ਪਾਸ਼ ਦੀ ਕਾਵਿਕਤਾ ਦੇ ਬਰ ਮੇਚਣ ਦਾ ਯਤਨ ਕੀਤਾ ਹੈ। ਤੀਸਰੇ ਲੇਖ ਵਿਚ ਗੁਰਬਖਸ਼ ਜੱਸ ਪਾਸ਼ ਨੂੰ ਚੇਤਨਾ ਤੇ ਕ੍ਰਾਂਤੀ ਦਾ ਦੂਤ ਮੰਨਦਾ ਹੈ, ਕਿਉਂਕਿ ਦੂਤ ਦੀ ਜ਼ਿੰਮੇਵਾਰੀ ਸੁਤੇ ਸਿੱਧ ਸਮਾਜਕ ਕਰਮਾਂ ਵਿਚ ਅਹਿਮ ਬਣ ਜਾਂਦੀ ਹੈ। ਡਾ. ਤੇਜਵੰਤ ਸਿੰਘ ਗਿੱਲ ਹੋਰਾਂ ਨੇ ਆਪਣੇ ਲੇਖ ਵਿਚ ਪਾਸ਼ ਨੂੰ ਪੰਜਾਬੀ ਕਵਿਤਾ ਦੇ ਸੰਦਰਭ ਵਿਚ ਇਕ ਕਰਤਾਰੀ ਪ੍ਰਤਿਭਾ ਵਜੋਂ ਪਛਾਣਿਆ ਹੈ। ਵਿਦਵਾਨ ਲੇਖਕਾ ਪ੍ਰੋ. ਨਰਿੰਦਰ ਨੇ ਕਵੀ ਪਾਸ਼ ਦੇ ਕਾਵਿ ਬਿੰਬਾਂ ਨੂੰ 'ਜੁਝਾਰ'' ਤੇ ''ਜੁਝਾਰਵਾਦ'' ਦੀ ਸੰਕਲਪਾਤਮਕ ਵਿਆਖਿਆ ਕਰਦਿਆਂ ਇਕ ਨਵੇਂ ਪਰਿਪੇਖ ਵਿਚ ਵਾਚਣ ਦਾ ਯਤਨ ਕੀਤਾ ਹੈ। ਸਤਵੇਂ ਲੇਖ ਵਿਚ ਦਰਸ਼ਨ ਸ਼ਾਸਤਰ ਨਾਲ ਜੁੜੇ ਪ੍ਰੇਮ ਪਾਲੀ ਹੋਰਾਂ ਨੇ ਫਰਾਂਸੀਸੀ ਅਧਿਐਨ ਪ੍ਰਣਾਲੀ ਚਿਹਨ-ਵਿਗਿਆਨ ਦੇ ਪਰਿਪੇਖ ਵਿਚ ਪਾਸ਼ ਦੀ ਕਵਿਤਾ ਦਾ ਅਧਿਐਨ ਪ੍ਰਸਤੁਤ ਕੀਤਾ ਹੈ। ਨਿਰਸੰਦੇਹ ਇਹ ਕਵੀ ਪਾਸ਼ ਦੇ ਕਾਵਿ ਅਧਿਐਨ ਲਈ ਇਕ ਨਿਵੇਕਲਾ ਵਿਸ਼ਾ ਹੈ। ਅੱਠਵੇਂ ਲੇਖ ਵਿਚ ਡਾ. ਬਲਜੀਤ ਕੌਰ ਨੇ ਪਾਸ਼ ਦੀ ਕਰਤਾਰੀ ਪ੍ਰਤਿਭਾ ਨੂੰ ਵਾਚਦੇ ਉਸ ਨੂੰ ਪੂਰਵ ਕਾਵਿ-ਸੰਕਲਪ ਰੱਦ ਕਰਕੇ ਨਵੇਂ ਦਿਸਹੱਦੇ ਉਜਾਗਰ ਕਰਨ ਵਾਲਾ ਕਵੀ ਮੰਨਿਆ ਹੈ। ਨੌਵੇਂ ਲੇਖ ਵਿਚ ਡਾ. ਮਨਿੰਦਰ ਸਿੰਘ ਕਾਂਗ ਨੇ ਪਾਸ਼ ਦੀ ਕਵਿਤਾ ਦਾ ਕਾਵਿ-ਸੰਵੇਦਨਾ ਦੇ ਪਰਿਪੇਖ ਵਿਚ ਕਾਵਿ ਅਧਿਐਨ ਪ੍ਰਸਤੁਤ ਕੀਤਾ ਹੈ। ਦਸਵੇਂ ਲੇਖ ਵਿਚ ਡਾ. ਰਜਨੀਸ਼ ਬਹਾਦਰ ਨੇ ਮਾਰਕਸੀ ਦਰਸ਼ਨ ਅਤੇ ਖੱਬੇ-ਪੱਖੀ ਸੋਚ ਅਧੀਨ ਚਲਦੇ ਹੋਏ ਪਾਸ਼ ਦੀ ਕਵਿਤਾ ਸਬੰਧੀ ਕੁਝ ਨਿਰਣੇ ਦਿੱਤੇ ਹਨ। ਇਹ ਨਿਰਣੇ ਸੰਵਾਦ ਮੰਗਦੇ ਵੀ ਹਨ ਤੇ ਸੰਵਾਦ ਰਚਾਂਦੇ ਵੀ ਹਨ। ਸੰਪਾਦਕ ਦੇ ਲਿਖਣ ਅਨੁਸਾਰ ਇਹ ਗੱਲ ਪੱਕੀ ਹੈ ਕਿ ਮਾਰਕਸੀ ਦਰਸ਼ਨ ਦੇ ਪ੍ਰਤੀਬੱਧਤਾ ਦੇ ਸਵਾਲ 'ਤੇ ਨਕਸਲੀ ਕਵੀਆਂ ਦੀ ਡੂੰਘੀ ਪੜਚੋਲ ਹੋਣੀ ਅਜੇ ਬਾਕੀ ਹੈ। ਇਸ ਪੱਖ ਤੋਂ ਇਹ ਲੇਖ ਚਰਚਾ ਛੇੜਦਾ ਹੈ। ਗਿਆਰਵਾਂ ਲੇਖ ਜੋ ਡਾ. ਰਜਿੰਦਰਪਾਲ ਸਿੰਘ ਦਾ ਹੈ, ਉਹ ਵੀ ਉਪਰੋਕਤ ਧਾਰਨਾ ਦੀ ਹੀ ਪੁਸ਼ਟੀ ਕਰਦਾ ਹੈ। ਉਨ੍ਹਾਂ ਦੇ ਅਨੁਸਾਰ ਨਕਸਲੀ ਲਹਿਰ ਦੇ ਪਰਿਪੇਖ ਵਿਚ ਜੁਝਾਰ ਕਵਿਤਾ ਦਾ ਹੁਣ ਤਕ ਦਾ ਮੁਲਾਂਕਣ ਕਈ ਵਾਰ ਸਤਹੀ ਜਾਪਦਾ ਹੈ। ਇਸ ਨੂੰ ਹੋਰ ਡੂੰਘਿਆਈ ਨਾਲ ਵਾਚਣ ਦੀ ਲੋੜ ਹੈ।

ਇਹ ਕਾਵਿ-ਅਧਿਐਨ ਪੰਜਾਬੀ ਆਲੋਚਨਾ ਸਾਹਿਤ ਵਿਚ ਇਕ ਨਿੱਗਰ ਵਾਧਾ ਹੈ। ਡਾ. ਮਨਿੰਦਰ ਕਾਂਗ ਇਸ ਦੇ ਸੰਪਾਦਨ ਲਈ ਵਧਾਈ ਦੇ ਪਾਤਰ ਹਨ।

**ਕਹਾਣੀ, 'ਰੇਲ ਗੱਡੀ':** ਸਾਡੀ ਉਹ ਪੀੜ੍ਹੀ ਜਿਸ ਨੇ ਦੇਸ਼ ਦੀ ਵੰਡ ਦਾ ਦੁਖਾਂਤ ਆਪਣੀ ਹੱਡੀਂ ਹੰਢਾਇਆ ਹੈ, ਵੰਡ ਵੇਲੇ ਦੀ ਕੋਈ ਵੀ ਕਹਾਣੀ, ਉਸ ਪੀੜ੍ਹੀ ਨੂੰ ਭਾਵੁਕ ਤੌਰ 'ਤੇ ਆਪਣੇ ਨਾਲ ਜੋੜਦੀ ਹੈ। ਮਨੁੱਖ ਦੀ ਦਰਿੰਦਗੀ ਉਸ ਵੇਲੇ ਆਪਣੇ ਸਿਖਰ 'ਤੇ ਪੁੱਜੀ ਹੋਈ ਸੀ। ਹਿੰਮਤ ਸਿੰਘ ਗਿੱਲ ਦੀ ਕਹਾਣੀ 'ਰੇਲ ਗੱਡੀ' ਜੋ ਮੌਲਿਕ ਤੌਰ 'ਤੇ ਅੰਗਰੇਜ਼ੀ ਵਿਚ ਲਿਖੀ ਗਈ ਸੀ, ਨਰਿੰਦਰ ਭੁੱਲਰ ਵਲੋਂ ਅਨੁਵਾਦ 'ਪੰਜਾਬੀ ਟ੍ਰਿਬਿਊਨ' ਦੇ ਐਤਵਾਰ 2 ਜੂਨ ਦੇ ਅੰਕ ਵਿਚ ਛਪੀ ਹੈ। ਇਕ ਐਂਗਲੋ ਇੰਡੀਅਨ ਇੰਜਣ ਡਰਾਈਵਰ ਦੇ ਪਾਤਰ ਨੂੰ ਲੈ ਕੇ ਇਹ ਐਸੇ ਰੇਲ ਸਫਰ ਦੀ ਕਹਾਣੀ ਹੈ ਜੋ ਮੁਸਾਫਰ ਲਾਹੌਰ ਤੋਂ ਅੰਮ੍ਰਿਤਸਰ ਤਕ ਕਰਦੇ ਹਨ। ਰੇਲ ਗੱਡੀ 'ਤੇ ਗੁੰਡਿਆਂ ਵਲੋਂ ਹਮਲਾ ਹੁੰਦਾ ਹੈ। ਹਿੰਮਤ ਸਿੰਘ ਗਿੱਲ ਨੇ ਇਸ ਕਹਾਣੀ ਵਿਚ ਵੰਡ ਦੇ ਦੁਖਾਂਤ ਨੂੰ ਮਨੁੱਖੀ ਕਦਰਾਂ ਕੀਮਤਾਂ ਦੇ ਪਰਿਪੇਖ ਵਿਚ ਪੇਸ਼ ਕੀਤਾ ਹੈ। ਇਹ ਕਹਾਣੀ ਤੁਹਾਨੂੰ ਝੰਜੋੜਦੀ ਹੈ। ਇਹ ਸਰੋਸ਼ ਕਵਾਸਜੀ ਤੇ ਕਰਤਾਰ ਸਿੰਘ ਦੁੱਗਲ ਦੀ ਸੰਪਾਦਨ ਕੀਤੀ ਅਤੇ 1987 ਵਿਚ ਪ੍ਰਕਾਸ਼ਤ ਪੁਸਤਕ 'ਵੈਨ, ਦਾ ਬ੍ਰਿਟਿਸ਼ ਲੈਫਟ' ਵਿਚ ਸੰਕਲਿਤ ਹੈ। ਇਹ ਇਕ ਸਾਂਭਣਯੋਗ ਕਿਰਤ ਹੈ।

9-6-1996